The true picture of your local community
NZ ਤਸਵੀਰ NEWS
www.nztasveernews.co.nz || ਪੰਜਾਬੀ ਅਖ਼ਬਾਰ || NZ Tasveer News

ਆਨਲਾਈਨ ਈ-ਪੇਪਰ
ਵਿਚ ਇਸ਼ਤਿਹਾਰ
ਦੇਣ ਲਈ
ਸੰਪਰਕ ਕਰੋ
09 390 4644




07 June 2019 Daily, editornztasveer@gmail.com designnztasveer@gmail.com Ph/Fax: 09 390 4644 FREE

### ਨਿਊਜ਼ੀਲੈਂਡ ਵਿਚ ਬਾਲ ਵਿਆਹ ਦਾ ਮਾਮਲਾ

# ਨਿਊਜ਼ੀਲੈਂਡ ਨੇ ਨਾਬਾਲਗ ਦੁੱਲਾ ਦੁਲਹਨ ਨੂੰ ਰਹਿਣ ਲਈ ਦਿੱਤਾ ਜਾਦਾ ਹੈ ਵੀਜ਼ਾ

ਆਕਲੈਂਡ (ਐਨ. ਜ਼ੈਡ. ਤਸਵੀਰ) ਇੰਮੀਗ੍ਰੇਸ਼ਨ ਨਿਊਜ਼ੀਲੈਂਡ ਨੇ ਬੀਤੇ ਦਹਾਕੇ ਦੌਰਾਨ 20 ਸਾਲ ਤੋਂ ਵੱਧ ਬਾਲ ਵਿਆਹਾਂ ਅਤੇ ਵਿਆਹੁਤਾ ਜੋੜੇ ਲਈ ਭਾਈਵਾਲੀ ਨੂੰ ਮਨਜ਼ੂਰੀ ਦਿੱਤੀ ਹੈ। ਅਧਿਕਾਰਤ ਜਾਣਕਾਰੀ ਅਨੁਸਾਰ ਇਨ੍ਹਾਂ 16 ਜਾਂ 17 ਸਾਲ ਦੀਆਂ ਬਾਲੜੀਆਂ ਵਿਚੋਂ ਜ਼ਿਆਦਾਤਰ ਮੱਧ ਪੂਰਬ ਏਸ਼ੀਆਈ ਮੁਲਕਾਂ ਵਿਚੋਂ ਹਨ।



ਪਿਛਲੇ ਸਾਲ ਇੱਕ 17 ਸਾਲ ਦੀ ਮਿਸਰ ਦੀ ਰਹਿਣ ਵਾਲੀ ਲੜਕੀ ਨੇ ਆਪਣੀ ਅਰਜ਼ੀ ਦਿੱਤੀ ਸੀ ਕਿ ਉਹ ਆਪਣੇ 28 ਸਾਲਾ ਪਤੀ ਨਾਲ ਰਹਿਣਾ ਚਾਹੁੰਦੀ ਹੈ। ਇਸੇ ਤਰ੍ਹਾਂ ਸਾਲ 2013 ਵਿਚ 17 ਸਾਲਾ ਪਾਕਿਸਤਾਨੀ ਲੜਕੀ ਵੱਲੋਂ ਵੀ ਅਰਜ਼ੀ ਦਿੱਤੀ ਗਈ ਸੀ। ਇਸ ਸਬੰਧੀ ਇੰਮੀਗ੍ਰੇਸਨ ਮਹਿਕਮੇ ਨੇ ਉਨ੍ਹਾਂ ਨੂੰ ਵੀਜ਼ਾ ਵੀ ਜਾਰੀ ਕਰ ਦਿੱਤਾ ਸੀ। ਇੰਮੀਗ੍ਰੇਸ਼ਨ ਨਿਊਜ਼ੀਲੈਂਡ ਦੇ ਦਸਤਾਵੇਜ਼ਾ ਤੋਂ ਪਤਾ ਲੱਗਿਆ ਹੈ ਕਿ ਸਾਲ 2009 ਵਿਚ 16 ਜਾਂ 17 ਸਾਲ ਦੀ ਉਮਰ ਦੇ 70 ਫੀਸਦੀ ਲੋਕਾਂ ਨੂੰ ਵੀਜ਼ੇ ਜਾਰੀ ਕੀਤੇ ਗਏ ਸਨ। ਇਹ ਅੰਕੜੇ ਬਾਲ ਅਧਿਕਾਰਾਂ ਅਤੇ ਘਰੇਲੂ ਹਿੰਸਾ ਵਿਰੋਧੀ ਵਕਾਲਤ 'ਤੇ ਆਧਾਰਿਤ ਹਨ। ਆਈਐਨਜ਼ੈਡ ਨੇ ਕਿਹਾ ਕਿ ਹਰ ਇਕ ਮਾਮਲੇ ਵਿਚ ਇਨ੍ਹਾਂ ਬੱਚਿਆਂ ਦੇ ਮਾਂਪਿਆਂ ਦਾ ਪੂਰਾ ਸਮਰਥਨ ਸੀ। ਪਰ ਨੈਸ਼ਨਲ ਮਹਿਲਾ ਚੈਰਿਟੀ ਸ਼ਕਤੀ ਦੇ ਕੋਆਰਡੀਨੇਟਰ ਨੇ ਕਿਹਾ ਕਿ ਲੜਕੀਆਂ ਦਾ ਕਹਿਣਾ ਹੈ ਕਿ ਇਨ੍ਹਾਂ ਵਿਆਹਾਂ ਸਬੰਧੀ ਉਨ੍ਹਾਂ ਦੇ ਮਾਪਿਆਂ ਵੱਲੋਂ ਹਮੇਸ਼ਾਂ ਦਬਾਅ ਪਾਇਆ ਜਾਂਦਾ ਰਿਹਾ ਹੈ। ਉਨ੍ਹਾਂ ਕਿਹਾ ਕਿ ਉਕਤ ਪ੍ਰਵਾਸੀ ਦੁੱਲਾ ਜਾਂ ਦੁੱਲਹਨ ਜਿਨਾਂ ਦੀ ਪ੍ਰਵਾਸ ਸਥਿਤੀ ਉਨ੍ਹਾਂ ਦੇ ਪਤੀ ਜਾਂ ਪਤਨੀ 'ਤੇ ਨਿਰਭਰ ਕਰਦੀ ਹੈ, ਜ਼ਿਆਦਾਤਰ ਹਿੰਸਾ ਦੇ ਸ਼ਿਕਾਰ ਹੁੰਦੇ ਹਨ ਜਿਨ੍ਹਾਂ ਨੂੰ ਅੰਗ੍ਰੇਜ਼ੀ ਪੂਰੀ ਤਰ੍ਹਾਂ ਨਹੀਂ ਆਉਂਦੀ। ਜਦੋਂ ਇਨ੍ਹਾਂ ਵਿਆਹਾਂ ਵਿਚ ਜ਼ੋਰ ਜ਼ਬਰਦਸਤੀ ਹੁੰਦੀ ਹੈ ਤਾਂ ਨੌਜਵਾਨ ਮਹਿਲਾਵਾਂ ਅਕਸਰ ਘਰੇਲੂ ਹਿੰਸਾ ਅਤੇ ਯੋਨ ਸ਼ੋਸ਼ਣ ਦਾ ਸ਼ਿਕਾਰ ਹੁੰਦੀ ਹਨ ਅਤੇ ਕਈ ਵਾਰ ਉਨ੍ਹਾਂ ਨੂੰ ਜ਼ਬਰਦਸਤੀ ਗਰਭਧਾਰਨ ਲਈ ਮਜ਼ਬੂਰ ਕੀਤਾ ਜਾਂਦਾਹੈ ਅਤੇ ਜੇਕਰ ਉਹ ਜ਼ਬਰਨ ਸ਼ਾਦੀ ਤੋੜਨਾ ਚਾਹੁੰਦੀਆਂ ਹਨ ਤਾਂ ਅਕਸਰ ਆਪਣੇ ਪੂਰੇ ਪਰਿਵਾਰ ਨਾਲ ਰਿਸ਼ਤਾ ਤੋੜਨਾ ਪੈਂਦਾ ਹੈ। 2010 ਵਿਚ 16 ਸਾਲ ਤੋਂ ਘੱਟ ਉਮਰ ਦੀਆਂ 35 ਨੌਜਵਾਨ ਲੜਕੀਆਂ ਨੂੰ ਵਿਆਹ ਲਈ ਮਜ਼ਬੂਰ ਕੀਤਾ ਗਿਆ ਸੀ ਜਿਨ੍ਹਾਂ ਦੀ ਸ਼ਕਤੀ ਸਵੈ ਸੇਵੀ ਜਥੇਬੰਦੀ ਵੱਲੋਂ ਮਦਦ ਕੀਤੀ ਗਈ ਸੀ।

# ਸੈਕੰਡਰੀ ਸਕੂਲ ਨੇ ਅਗਲੇ ਹਫਤੇ ਹੋਣ ਵਾਲੀ ਹੜਤਾਲ ਨੂੰ ਕੀਤਾ ਰੱਦ




ਆਕਲੈਂਡ : ਸੈਕੰਡਰੀ ਅਧਿਆਪਕ ਯੂਨੀਅਨ (ਪੀ. ਪੀ. ਟੀ. ਏ.) ਨੇ ਸਿੱਖਿਆ ਮੰਤਰੀ ਨਾਲ ਗੱਲਬਾਤ ਤੋਂ ਬਾਅਦ ਅਗਲੇ ਹੋਣ ਵਾਲੀ ਯੋਜਨਾਬੱਧ ਹ ਹੜਤਾਲ ਦੀ ਕਾਰਵਾਈ ਨੂੰ ਫਿਲਹਾਲ ਰੱਦ ਕਰ ਦਿੱਤਾ ਹੈ। ਯੂਨੀਅਨ ਵੱਲੋਂ ਇੱਕ ਮਹੀਨੇ ਲਈ ਦੇਸ਼ਭਰ ਵਿਚ ਯੋਜਨਾਬੱਧ ਹੜਤਾਲ ਕਰਨ ਦੀ ਵਿਉਂਤ ਬਣਾਈ ਗਈ ਸੀ। ਜਿਸਦੇ ਦੌਰਾਨ ਵੱਖ ਵੱਖ ਗਰਾਂ ਦੇ ਸਮੂਹਾਂ ਵੱਲੋਂ ਇੱਕ ਮਹੀਨੇ ਲਈ ਸਕੂਲ ਤੋਂ ਬਾਹਰ ਘਰ ਰਹਿਣ ਲਈ ਕਿਹਾ ਗਿਆ ਸੀ। ਇਸ ਸਬੰਧੀ ਬੀਤੇ ਦਿਨ ਤੱਕ ਕ੍ਰਿਸ ਹੈਪਕਿੰਸ ਵੱਲੋਂ ਕੋਈ ਟਿੱਪਣੀ ਨਹੀਂ ਕੀਤੀ ਗਈ ਸੀ। ਇਥੇ ਜ਼ਿਕਰਯੋਗ ਹੈ ਕਿ ਅਧਿਆਪਕਾਂ ਅਤੇ ਸਿੱਖਿਆ ਮੰਤਰਾਲੇ ਦੀਆਂ ਤਨਖਾਹਾਂ ਨੂੰ ਲੈ ਕੇ 29 ਮਈ ਨੂੰ ਮੈਗਾ ਹੜਤਾਲ ਕੀਤੀ ਗਈ ਸੀ। ਬੀਤੇ ਦਿਨੀਂ ਸਰਕਾਰ ਦੇਮੰਤਰੀ ਆਈਓਨਾ ਹੋਲਸਟੀਡ, ਸਿੱਖਿਆ ਮੰਤਰੀ ਕ੍ਰਿਸ ਹੈਪਕਿੰਸ ਅਤੇ ਐਨਸੀਆਈ ਅਤੇ ਪੀ. ਪੀ. ਟੀ. ਏ. ਦੇ ਪ੍ਰਧਾਨ ਅਤੇ ਕੌਮੀ ਸਕੱਤਰ ਦੀ ਅਗਵਾਈ ਵਿਚ ਲਗਭਗ 10 ਘੰਟੇ ਮੀਟਿੰਗ ਹੋਈ।

## ਨਾਰਥ ਆਈਲੈਂਡ ਵਿਚ ਹੋਈ ਗੋਲੀਬਾਰੀ ਦੌਰਾਨ 1 ਦੀ ਮੌਤ 3 ਜ਼ਖਮੀ

ਵੈਲਿੰਗਟਨ : ਨਿਊਜ਼ੀਲੈਂਡ ਦੇ ਨਾਰਥ ਆਈਲੈਂਡ ਵਿਚ ਸ਼ੂਟਿੰਗ ਨਾਲ ਜੁੜੀ ਘਟਨਾ ਵਿਚ ਵੀਰਵਾਰ ਨੂੰ ਇੱਕ ਵਿਅਕਤੀ ਦੀ ਮੌਤ ਹੋ ਗਈ, ਜਦੋਂ ਕਿ ਇਸ ਹਾਦਸੇ ਵਿਚ 3 ਲੋਕਾਂ ਦੇ ਜ਼ਖਮੀ ਹੋਣ ਦਾ ਸਮਾਚਾਰ ਮਿਲਿਆ ਹੈ। ਪੁਲਿਸ ਨੇ ਇਹ ਜਾਣਕਾਰੀ ਦਿੱਤੀ। ਕੁਆਹਿਆ ਦੇ ਨੇੜੇ ਇੱਕ ਪੇਂਡੂ ਪਤੇ 'ਤੇ ਪੁਲਿਸ ਨੂੰ ਇੱਕ ਰਿਪੋਰਟ ਆਉਣ ਦੇ ਬਾਅਦ ਬੁਲਾਇਆ ਗਿਆ। ਜਿਸ ਵਿਚ ਚਾਰ ਲੋਕਾਂ ਦੇ ਜ਼ਖਮੀ ਹੋਣ ਦੀ ਸੂਚਨਾ ਮਿਲੀ ਸੀ।

## ਅਮਰੀਕਾ 'ਚ ਸਿੱਖ ਨੌਜਵਾਨ ਮੁੜ ਵਿਤਕਰੇ ਦਾ ਸ਼ਿਕਾਰ

ਅਕਸਰ ਹੀ ਸਿੱਖਾਂ ਨਾਲ ਵਿਦੇਸ਼ਾਂ 'ਚ ਨਕਲੀ ਪੱਖਪਾਤ ਦੀਆਂ ਖ਼ਬਰਾਂ ਆਉਂਦੀਆਂ ਹੀ ਰਹਿੰਦੀਆਂ ਹਨ। ਹਾਲ ਹੀ 'ਚ ਮੀਡੀਆ ਰਿਪੋਰਟ 'ਚ ਸਾਹਮਣੇ ਆਇਆ ਕਿ ਇੱਕ ਸਿੱਖ ਨੌਜਵਾਨ ਨੂੰ ਅਮਰੀਕਾ ਦੇ ਰੈਸਟੋਰੈਂਟ 'ਚ ਦਾਖਲ ਹੋਣ ਦੀ ਇਜਾਜ਼ਤ ਨਹੀਂ ਮਿਲੀ। ਇਸ ਦਾ ਕਾਰਨ ਇਹ ਦੱਸਿਆ ਜਾ ਰਿਹਾ ਹੈ ਕਿ ਉਸ ਨੇ ਪੱਗ ਬੰਨ੍ਹੀ ਸੀ। ਇਹ ਨੌਜਵਾਨ ਆਪਣੇ ਦੋਸਤਾਂ ਨੂੰ ਮਿਲਣ ਰੈਸਟੋਰੈਂਟ 'ਚ ਪਹੁੰਚਿਆ ਸੀ। ਘਟਨਾ ਪੋਰਟ ਜੈਫਰਸਨ 'ਚ ਹੋਈ ਜਿੱਥੇ 23 ਸਾਲਾ ਗੁਰਵਿੰਦਰ ਗਰੇਵਾਲ ਨੂੰ ਰੈਸਟੋਰੈਂਟ 'ਚ ਨਵੀਂ ਨੀਤੀਆਂ ਦਾ ਹਵਾਲਾ ਦੇ ਅੰਦਰ ਦਾਖਲ ਹੋਣ ਨਹੀਂ ਦਿੱਤਾ। ਇਸ ਦਾ ਕਾਰਨ ਗੁਰਵਿੰਦਰ ਦੇ ਸਿਰ 'ਚ ਬੰਨ੍ਹੀ ਹੋਈ ਪੱਗ ਸੀ। ਸਟੋਨੀ ਬਰੂਕ ਯੂਨੀਵਰਸੀਟੀ ਤੋਂ ਗ੍ਰੈਜੂਏਟ ਗਰੇਵਾਲ ਨੇ ਕਿਹਾ, ਮੈਂ ਹੈਰਾਨ, ਸ਼ਰਮਿੰਦਾ ਤੇ ਦੁਖੀ ਹੋ ਗਿਆ। ਮੈਂ ਕਦੇ ਅਜਿਹੀ ਸਥਿਤੀ ਦਾ ਸਾਹਮਣਾ ਨਹੀਂ ਕੀਤਾ ਜਿੱਥੇ ਮੈਨੂੰ ਪੱਗ ਬੰਨ੍ਹਣ ਕਰਨ ਕਿਤੇ ਜਾਣ ਤੋਂ ਰੋਕਿਆ ਗਿਆ ਹੋਵੇ। ਗਰੇਵਾਲ ਨੇ ਅੱਗੇ ਦੱਸਿਆ ਕਿ ਇਸ ਬਾਰੇ ਉਸ ਨੇ ਰੈਸਟੋਰੈਂਟ ਦੇ ਮੈਨੇਜਰ ਨੂੰ ਕਾਫੀ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਉਹ ਆਪਣੇ ਧਰਮ ਦਾ ਪਾਲਨ ਕਰ ਰਿਹਾ ਹੈ। ਉਹ ਇੱਥੇ ਆਪਣੇ ਦੋਸਤਾਂ ਨਾਲ ਸਮਾਂ ਬਿਤਾਉਣ ਆਇਆ ਹੈ ਪਰ ਮੈਨੇਜਰ ਗ੍ਰਿੱਲ ਨੇ ਉਸ ਦੀ ਗੱਲ ਨਹੀਂ ਮੰਨੀ।

## ਪੁੱਤ ਦੀ ਰੱਖਿਆ ਲਈ ਮਾਂ ਨੇ ਵਿਖਾਈ ਹਿੰਮਤ, ਮਗਰਮੱਛ ਨਾਲ ਗਈ ਭਿੜ

ਸੇਨ ਜੋਸ- ਮਾਂ ਦੀ ਮਮਤਾ ਅੱਗੇ ਵੱਡੇ-ਵੱਡੇ ਸੂਰਮੇ ਹਾਰ ਜਾਂਦੇ ਹਨ ਕਿਉਂਕਿ ਜਦੋਂ ਇਕ ਮਾਂ ਦਾ ਬੱਚਾ ਕਿਸੇ ਮੁਸ਼ਕਲ 'ਚ ਹੁੰਦਾ ਹੈ ਤਾਂ ਮਾਂ ਆਪਣਾ ਪੂਰਾ ਜ਼ੋਰ ਲਗਾ ਦਿੰਦੀ ਹੈ ਆਪਣੇ ਬੱਚੇ ਨੂੰ ਬਚਾਉਣ ਲਈ। ਇਸੇ ਤਰ੍ਹਾਂ ਕੋਸਟਾ ਰਿਕਾ 'ਚ ਇਕ ਮਾਂ ਵਲੋਂ ਆਪਣੀ ਜਾਨ ਦੀ ਪਰਵਾਹ ਨਾ ਕਰਦੇ ਹੋਏ ਆਪਣੇ ਪੁੱਤਰ ਨੂੰ ਖਤਰਨਾਕ ਮਗਰਮੱਛ ਦੇ ਜਬਾੜੇ 'ਚੋਂ ਸੁਰੱਖਿਅਤ ਕੱਢ ਲਿਆਂਦਾ। ਜਾਣਕਾਰੀ ਮੁਤਾਬਕ ਇਕ ਅਖਬਾਰ 'ਚ ਛਪੀ ਖਬਰ ਮੁਤਾਬਕ ਕੋਸਟਾ ਰਿਕਾ ਦੇ ਸਮੁੰਦਰੀ ਕੰਢੇ ਵਾਲੇ ਇਲਾਕੇ ਲੀਮੋਨ 'ਚ ਟੋਟੁਰਗਵੇਰੋ ਨੈਸ਼ਨਲ ਪਾਰਕ ਨੇੜੇ ਇਕ ਭਿਆਨਕ ਮਗਰਮੱਛ ਨੇ ਕੇਨੇਰ ਗਟਿਏਰਰਜ ਨੇਵਾਰਰੋ ਨਾਂ ਦੇ ਬੱਚੇ 'ਤੇ ਸ਼ੁੱਕਰਵਾਰ ਦੁਪਹਿਰ ਹਮਲਾ ਕਰ ਦਿੱਤਾ। ਪੁੱਤਰ ਦੀਆਂ ਚੀਕਾਂ ਸੁਣ ਕੇ ਉਸ ਦੀ ਮਾਂ ਟੇਰੇਸਾ ਨੇਵਾਰਰੋ ਉਥੇ



ਪਹੁੰਚੀ ਅਤੇ ਦੇਖਿਆ ਕਿ ਇਕ ਮਗਰਮੱਛ ਕੇਨੇਰ ਨੂੰ ਜਬਾੜੇ 'ਚ ਫੜ ਕੇ ਆਪਣੇ ਨਾਲ ਨਦੀ 'ਚ ਘੜੀਸਣ ਦੀ ਕੋਸ਼ਿਸ਼ ਕਰ ਰਿਹਾ ਹੈ। ਟੇਰੇਸਾ ਨੇ ਤੁਰੰਤ ਮਗਰਮੱਛ ਦੀ ਪਿੱਠ 'ਤੇ ਹਮਲਾ ਕਰ ਦਿੱਤਾ। ਜਿਸ ਕਾਰਨ ਮਗਰਮੱਛ ਨੇ ਕੇਨੇਰ ਨੂੰ ਛੱਡ ਦਿੱਤਾ। ਮਗਰਮੱਛ ਦੇ ਹਮਲੇ ਕੇਨੇਰ ਜ਼ਖਮੀ ਤਾਂ ਹੋ ਗਿਆ ਪਰ ਉਸ ਦੀ ਜਾਨ ਬਚ ਗਈ। ਟੇਰੇਸਾ ਤੁਰੰਤ ਆਪਣੇ ਪੁੱਤਰ ਨੂੰ ਘਰ ਲੈ ਗਈ ਅਤੇ ਉਸ ਦੇ ਜ਼ਖਮਾਂ 'ਤੇ ਪੱਟੀ ਬੰਨ ਕੇ ਉਸ ਨੂੰ ਸੂਬੇ ਦੀ ਰਾਜਧਾਨੀ ਗੁਆਸੀਮੋ ਦੇ ਹਸਪਤਾਲ ਲੈ ਗਈ। ਬੱਚੇ ਦੀ ਹਾਲਤ ਖਤਰੇ 'ਚੋਂ ਬਾਹਰ ਹੈ। ਨੈਸ਼ਨਲ ਯੂਨੀਵਰਸਿਟੀ ਆਫ ਕੋਸਟਾ ਰਿਕਾ ਦੇ ਅਧਿਐਨਾਂ ਮੁਤਾਬਕ, ਦੇਸ਼ 'ਚ ਮਗਮੱਛਾਂ ਦੀ ਗਿਣਤੀ ਪਿਛਲੇ 15 ਸਾਲਾਂ ਦੌਰਾਨ ਤਿਗੁਣੀ ਹੋ ਗਈ ਹੈ ਅਤੇ ਮਗਰਮੱਛਾਂ ਦੇ ਹਮਲੇ 'ਚ 13 ਲੋਕ ਜਾਨ ਗਵਾ ਚੁੱਕੇ ਹਨ।

## ਮਾਂ ਨੇ ਕੀਤੀਆਂ ਆਪਣੇ ਬੱਚੇ ਦੀ ਮੌਤ ਦੀਆਂ ਦੁਆਵਾਂ ਪਰ ਹੋ ਗਿਆ "ਚਮਤਕਾਰ"



ਜਾਰਜੀਆ— ਕੋਈ ਵੀ ਮਾਂ ਆਪਣੇ ਬੱਚੇ ਦੀ ਮੌਤ ਦੀਆਂ ਦੁਆਵਾਂ ਨਹੀਂ ਮੰਗ ਸਕਦੀ ਪਰ ਇਸ ਮਾਂ ਨੇ ਆਪਣੇ ਬੱਚੇ ਦੀ ਤੜਫ ਦੇਖ ਕੇ ਅਜਿਹਾ ਹੀ ਕੀਤਾ। ਜਾਰਜੀਆ ਦੇ ਅਟਲਾਂਟਾ ਵਿਚ ਰਹਿਣ ਵਾਲੀ ਸਟੇਫੈਨੀ ਸਮਿਥ ਦਾ ਬੇਟਾ ਇਸਾਯਾ ਬਹੁਤ ਤਕਲੀਫ ਵਿਚ ਸੀ। ਉਸ ਦੀ ਸਕਿਨ 'ਤੇ ਲਾਲ ਨਿਸ਼ਾਨ ਪੈ ਰਹੇ ਸਨ ਅਤੇ ਇੰਝ ਲੱਗਦਾ ਸੀ ਕਿ ਉਸ ਦੀ ਚਮੜੀ ਹੌਲੀ-ਹੌਲੀ ਗਲਣ ਲੱਗ ਪਈ। ਉਹ ਦਿਨ ਭਰ ਤੜਫਦਾ ਰਹਿੰਦਾ ਸੀ। ਡਾਕਟਰਾਂ ਦਾ ਕਹਿਣਾ ਸੀ ਕਿ ਉਸ ਨੂੰ ਐਕਜ਼ਿਮਾ ਹੋਇਆ ਹੈ। ਇਸਾਯਾ ਤਿੰਨ ਮਹੀਨਿਆਂ ਦਾ ਸੀ, ਜਦੋਂ ਇਹ ਸਮੱਸਿਆ ਸ਼ੁਰੂ ਹੋਈ। ਡਾਕਟਰਾਂ ਨੇ ਮਾਂ ਨੂੰ ਬੱਚੇ ਨੂੰ ਦੁੱਧ ਪਿਲਾਉਣ ਤੋਂ ਵੀ ਇਨਕਾਰ ਦਿੱਤਾ ਸੀ। ਬੱਚੇ ਦੀ ਹਾਲਤ ਅਜਿਹੀ ਹੋ ਗਈ ਸੀ ਕਿ ਉਸ ਦੀ ਮਾਂ ਇਹ ਦੁਆਵਾਂ ਕਰਨ ਲੱਗੀ ਕਿ ਇਸ ਤਕਲੀਫ ਤੋਂ ਮੁਕਤ ਹੋਣ ਲਈ ਉਸ ਦੀ ਮੌਤ ਹੀ ਹੋ ਜਾਵੇ। ਡਾਕਟਰਾਂ ਨੇ ਅਚਾਨਕ ਬੱਚੇ ਨੂੰ ਸਟੇਰਾਇਡ ਦਾ ਇੰਜੈਕਸ਼ਨ ਦੇਣਾ ਸ਼ੁਰੂ ਕਰ ਦਿੱਤਾ। ਪਹਿਲਾਂ ਪੰਜ ਕੁ ਦਿਨ ਤਾਂ ਉਸ ਨੂੰ ਆਰਾਮ ਰਿਹਾ, ਪਰ ਹੌਲੀ-ਹੌਲੀ ਉਸ ਦੀ ਹਾਲਤ ਹੋਰ ਖਰਾਬ ਹੋ ਗਈ। ਉਸ ਦੀ ਚਮੜੀ ਉਤਰਨੀ ਸ਼ੁਰੂ ਹੋ ਗਈ ਤੇ ਵਾਲ ਵੀ ਝੜ ਗਏ। ਪੰਜ ਸਾਲਾਂ ਵਿਚ ਇਸਾਯਾ ਨੂੰ 35 ਡਾਕਟਰਾਂ ਨੂੰ ਦਿਖਾਇਆ ਜਾ ਚੁੱਕਿਆ ਹੈ।

ਜਦੋਂ ਗੱਲ ਡਾਕਟਰਾਂ ਦੇ ਵੱਸ ਦੀ ਨਹੀਂ ਰਹੀ ਤੇ ਸਮਿਥ ਅਤੇ ਉਸ ਦੇ ਪਤੀ ਨੀਲਸਨ ਨੇ ਇੰਟਰਨੈੱਟ 'ਤੇ ਇਸ ਦਾ ਇਲਾਜ ਲੱਭਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਨੂੰ ਇਕ ਵੈੱਬਸਾਈਟ ਤੋਂ ਪਤਾ ਲੱਗਾ ਕਿ ਇਹ ਟੋਪੀਕਲ ਸਟੇਰਾਈਡ ਦੇ ਕਾਰਨ ਹੋਇਆ ਹੈ। ਇਸ ਤੋਂ ਬਾਅਦ ਉਨ੍ਹਾਂ ਇਸਾਯਾ ਨੂੰ ਸਟੇਰਾਈਡ ਲਗਾਉਣਾ ਬੰਦ ਕਰ ਦਿੱਤਾ ਅਤੇ ਘਰੇਲੂ ਨੁਸਖੇ ਨਾਲ ਤਿਆਰ ਇਹ ਹੋਮਿਓਪੈਥਿਕ ਬਾਮ ਤਿਆਰ ਕਰਕੇ ਉਸ ਦੇ ਲਗਾਉਣੀ ਸ਼ੁਰੂ ਕਰ ਦਿੱਤੀ। ਇਹ ਬਾਮ ਮੋਮ, ਤੇਲ, ਲੈਮਨਗ੍ਰਾਸ ਤੇ ਜਿੰਕ ਦਾ ਮਿਸ਼ਰਣ ਸੀ। ਅਕਤੂਬਰ, 2014 ਵਿਚ ਇਹ ਇਲਾਜ ਸ਼ੁਰੂ ਕੀਤਾ ਗਿਆ ਅਤੇ ਅੱਜ ਇਸਾਯਾ ਦਾ ਰੋਗ ਪੂਰੀ ਤਰ੍ਹਾਂ ਠੀਕ ਹੋ ਗਿਆ ਹੈ।

# ਖਤਰੇ 'ਚ ਹੈ ਤੁਹਾਡਾ ਸਮਾਰਟਫੋਨ ਤੇ ਨਿੱਜੀ ਜਾਣਕਾਰੀ !

ਲਾਸ ਵੇਗਾਸ (ਅਮਰੀਕਾ)- ਸਮਾਰਟਫੋਨ ਬਾਜ਼ਾਰ 'ਚ ਸਖਤ ਮੁਕਾਬਲੇ ਵਿਚਾਲੇ ਨਵੀਨੀਕਰਨ ਵੀ ਤੇਜ਼ੀ ਨਾਲ ਵੱਧ ਰਿਹਾ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਇਸ ਦੇ ਨਾਲ ਹੀ 'ਕੰਪਿਊਟਰ ਹੈਕਿੰਗ' ਕਰਨ ਵਾਲੇ ਇਸ ਵਿਕਸਿਤ ਕੀਤੇ ਜਾਣ ਵਾਲੇ ਉਪਕਣਾਂ 'ਚ ਸਥਾਪਿਤ ਕੀਤੀ ਜਾਣ ਵਾਲੀ ਨਵੀਂ ਸੁਰੱਖਿਆ ਸਬੰਧੀ ਸਾਫਟਵੇਅਰ 'ਚ ਸੰਨ੍ਹ ਲਗਾਉਣ ਲਈ ਹੱਲਾ ਬੋਲ ਰਹੇ ਹਨ। ਸਮਾਰਟਫੋਨ ਸਾਈਬਰ ਮੁਲਜ਼ਮਾਂ ਦੇ ਨਿਸ਼ਾਨੇ 'ਤੇ ਹਨ। ਕਿਉਂਕਿ ਅੱਜ ਲੋਕ ਇਨ੍ਹਾਂ 'ਚ ਆਪਣੀ ਇਸ ਤਰ੍ਹਾਂ ਦੀ ਬਹੁਤ ਸਾਰੀ ਨਿੱਜੀ ਜਾਣਕਾਰੀ ਰੱਖਣ ਲੱਗੇ ਹਨ ਜਿਨ੍ਹਾਂ ਦੀ ਉਹ ਬਾਅਦ 'ਚ ਕੰਮਕਾਜ 'ਚ ਵਰਤੋਂ ਕਰਦੇ ਹਨ। ਤੇਲ ਅਵੀਵ (ਇਸਰਾਈਲ) ਦੀ ਸਾਇਬਰ ਸੁਰੱਖਿਆ ਕੰਪਨੀ ਚੈੱਕ ਪਵਾਇੰਟ ਸਾਫਟਵੇਅਰ ਟੈਕਨੋਲਾਜੀਜ਼ ਦੇ ਅਵਿ ਬਾਸ਼ਨ ਨੇ ਇੱਥੇ ਕੰਪਿਊਟਰ ਸੁਰੱਖਿਆ 'ਤੇ ਇਕ ਸੰਮੇਲਨ ਦੌਰਾਨ ਕਿਹਾ ਕਿ ਮੋਬਾਈਲ ਉਪਕਰਣ ਅੱਜ ਕਾਰੋਬਾਰ ਤੇ ਸਾਡੇ ਜੀਵਨ 'ਚ ਉੱਚ ਪੱਧਰ ਹਾਸਲ ਕਰ ਚੁੱਕੇ ਹਨ। ਲੋਕਾਂ ਵਲੋਂ ਇਸ ਦੀ ਵਰਤੋਂ ਵੱਧ ਰਹੀ ਹੈ ਤੇ ਨਾਲ ਹੀ ਹੈਕਰਾਂ ਦੀ ਵੀ ਇਨ੍ਹਾਂ 'ਚ ਰੂਚੀ ਵੱਧ ਰਹੀ ਹੈ। ਉਨ੍ਹਾਂ ਕਿਹਾ ਕਿ ਜਿਵੇਂ-ਜਿਵੇਂ ਲੋਕ ਇਨ੍ਹਾਂ ਦੀ ਵਰਤੋਂ ਵੱਧ ਤੋਂ ਵੱਧ ਕੰਮਾਂ ਲਈ ਕਰਦੇ ਜਾ ਰਹੇ ਹਨ ਉਵੇਂ ਹੀ ਉਨ੍ਹਾਂ ਨੂੰ ਲੈ ਕੇ ਹਮਲਾਵਰਾਂ (ਕੰਪਿਊਟਰ ਸੰਨ੍ਹਬਾਜ਼ਾਂ) ਦੀ ਦਿਲਚਸਪੀ ਵੀ ਵੱਧ ਰਹੀ ਹੈ। ਉਨ੍ਹਾਂ ਨੇ ਸੁਚੇਤ ਕੀਤਾ ਕਿ ਕੁੱਝ ਮਾਮਲਿਆਂ 'ਚ ਤਾਂ ਹੈਕਿੰਗ ਟੈਕਟਸ ਮੈਸੇਜ ਭੇਜ ਕੇ ਵੀ ਕੀਤੀ ਜਾ ਸਕਦੀ ਹੈ ਫਿਰ ਸੁਨੇਹਾ ਪ੍ਰਾਪਤ ਕਰਨ ਵਾਲਾ ਉਸ ਨੂੰ ਖੋਲ੍ਹੇ ਜਾਂ ਨਾ ਖੋਲ੍ਹੇ। ਉਨ੍ਹਾਂ ਕਿਹਾ ਕਿ ਚੈਕ ਪਵਾਇੰਟ ਨੇ ਦੇਖਿਆ ਹੈ ਕਿ ਐਪਲ ਦੇ ਆਈ.ਓ.ਐਸ. ਤੇ ਗੂਗਲ ਸਮਰਥਿਤ ਐਂਡਰਾਇਡ ਆਪ੍ਰੇਟਿੰਗ ਸਿਸਟਮ 'ਤੇ ਤਿੰਨ ਸਾਲ 'ਚ ਕਈ ਹਮਲੇ ਹੋ ਚੁੱਕੇ ਹਨ। ਫਰਮ ਬੈਕ ਹੈਟ ਦੇ ਖੋਜਕਰਤਾਵਾਂ ਨੇ ਦੱਸਿਆ ਕਿ ਐਂਡਰਾਇਡ ਹੈਂਡਸੈਟ 'ਚ ਪਹਿਲਾਂ ਤੋਂ



ਫਿੱਟ ਇਕ ਟੂਲ ਦਾ ਸਹਾਰ ਲੈ ਕੇ ਉਸ ਦੀ ਸੁਰੱਖਿਆ ਭੇਦਨ ਦਾ ਖਤਰਾ ਹੈ।